Via Email /Website

ਦਫਤਰ ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਐਲੀਮੈਂਟਰੀ ) ਪੰਜਾਬ।
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ ਈ ਬਲਾਕ ਛੇਵੀਂ ਮੰਜਿਲ,ਫੇਜ 8 ਐਸ,ਏ ਐਸ ਨਗਰ।
( ਸੇਵਾਵਾਂ ਸਾਖਾ )

ਸੇਵਾ ਵਿਖੇ

(1) ਸਮੂਹ ਜਿਲ੍ਹਾ ਸਿੱਖਿਆ ਅਫਸਰ ( ਐ:ਸਿ:/ਸੈ:ਸਿ: ) ਪੰਜਾਬ
(2) ਸਮੂਹ ਬੀ ਪੀ ਈ ਓ(ਜਿਲ੍ਹਾ ਸਿੱਖਿਆ ਅਫਸਰ ਰਾਹੀਂ)
(3) ਸਮੂਹ ਸਕੂਲ ਮੁੱਖੀ, ਪੰਜਾਬ ਰਾਜ(ਜਿਲ੍ਹਾ ਸਿੱਖਿਆ ਅਫਸਰ ਰਾਹੀਂ)

ਮੀਮੋ ਨੰ:e 1215012/ 394 – 402
ਮਿਤੀ: 01-10-2026

ਵਿਸ਼ਾ:- **ਮੈਗਾ ਸਕੂਲ ਮੈਨੇਜਮੈਂਟ ਕਮੇਟੀ (Mega SMC) ਮੀਟਿੰਗ ਕਰਵਾਉਣ ਸਬੰਧੀ।**

**ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਆਰ.ਟੀ.ਈ ਰੂਲਜ਼, 2011 ਦੇ ਨਿਯਮ-13 ਅਨੁਸਾਰ ਅਤੇ SMC guidelines ਅਨੁਸਾਰ** ਸਕੂਲ ਮੈਨੇਜਮੈਂਟ ਕਮੇਟੀਆਂ (SMCs) ਦੀ ਮੀਟਿੰਗ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਕਰਵਾਉਣੀ ਲਾਜ਼ਮੀ ਹੈ। ਇਨ੍ਹਾਂ ਮੀਟਿੰਗਾਂ ਦਾ ਮੁੱਖ ਮੰਤਵ ਸਕੂਲ ਨੂੰ ਪੇਸ਼ ਆ ਰਹੀਆਂ ਸਮੱਸਿਆਵਾ/ਜਰੂਰਤਾਂ ਦੀ ਪਛਾਣ ਕਰਨਾ, ਸਮੱਸਿਆਵਾਂ ਦੇ ਹੱਲ ਲਈ ਯੋਜਨਾ ਤਿਆਰ ਕਰਨਾ ਅਤੇ ਉਸ ਨੂੰ ਲਾਗੂ ਕਰਨਾ ਯਕੀਨੀ ਬਣਾਉਂਦੇ ਹੋਏ ਸਕੂਲ ਦੇ ਵਿਕਾਸ ਵਿੱਚ ਯੋਗਦਾਨ ਪਾਉਣਾ ਹੈ। SMC ਮੀਟਿੰਗ ਸਬੰਧੀ ਕਾਰਵਾਈ ਰਿਪੋਰਟ ਤਿਆਰ ਕਰਨਾ ਅਤੇ ਮੀਟਿੰਗ ਵਿੱਚ ਲਏ ਗਏ ਫੈਸਲਿਆਂ /ਮੁੱਦਿਆਂ ਸਬੰਧੀ ਭਵਿੱਖ ਵਿੱਚ ਸਮੇਂ ਸਿਰ ਕਾਰਵਾਈ ਅਮਲ ਵਿੱਚ ਲਿਆਉਣਾ ਹੀ SMC Meeting ਦਾ ਮੁੱਖ ਉਦੇਸ਼ ਹੈ।

**1.** ਰਾਜ ਪੱਧਰੀ SMC ਟ੍ਰੇਨਿੰਗ ਤੋਂ ਬਾਅਦ, ਪੰਜਾਬ ਦੇ ਸਾਰੇ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ **7 ਅਕਤੂਬਰ 2026** ਨੂੰ ਮੈਗਾ SMC ਮੀਟਿੰਗ ਕਰਵਾਈ ਜਾਣੀ ਹੈ। ਇਸ ਮੀਟਿੰਗ ਦਾ ਉਦੇਸ਼ SMC ਮੈਂਬਰਾਂ ਨੂੰ ਟ੍ਰੇਨਿੰਗ ਦੌਰਾਨ ਪ੍ਰਾਪਤ ਸਿਖਲਾਈ ਨੂੰ ਸਕੂਲ ਪੱਧਰ 'ਤੇ ਅਮਲ ਵਿੱਚ ਲਿਆਉਣ ਲਈ ਸਹਿਯੋਗ ਦੇਣਾ ਹੈ।

**2. "ਮਜ਼ਬੂਤ SMC, ਬਿਹਤਰ ਸਕੂਲ"** ਵਿਸ਼ੇ ਅਧੀਨ ਕਰਵਾਈ ਜਾਣ ਵਾਲੀ ਮੈਗਾ SMC ਮੀਟਿੰਗ ਵਿੱਚ SMC ਮੈਂਬਰ ਟ੍ਰੇਨਿੰਗ ਦੌਰਾਨ ਪ੍ਰਾਪਤ ਸਿੱਖਿਆ ਬਾਰੇ ਵਿਚਾਰ-ਵਟਾਂਦਰਾ ਕਰਨਗੇ, ਸਕੂਲ ਦਾ ਦੌਰਾ ਕਰਕੇ ਸਕੂਲ ਦੀਆਂ ਸਮੱਸਿਆਵਾ ਅਤੇ ਜਰੂਰਤਾਂ ਦੀ ਪਛਾਣ ਕਰਨਗੇ, ਸਪਸ਼ਟ ਕਾਰਵਾਈ /Action Plan ਤੈਅ ਕਰਨਗੇ, ਮੈਗਾ PTM ਦੀ ਤਿਆਰੀ ਵਿੱਚ ਸਹਿਯੋਗ ਦੇਣਗੇ ਅਤੇ ਸਾਰੇ SMC ਮੈਂਬਰਾਂ ਦੇ ਨਾਲ ਨਾਲ ਸਾਰੇ ਮਾਪਿਆਂ ਨੂੰ ਆਧੁਨਿਕ ਤਕਨੀਕੀ ਸਾਧਨਾਂ ਜਿਵੇਂ ਕਿ ਵਾਟਸਐਪ ਗਰੁੱਪ ਆਦਿ ਮਾਧਿਅਮਾਂ ਨਾਲ ਜੋੜਨ ਸਬੰਧੀ ਉਪਰਾਲੇ ਕੀਤੇ ਜਾਣਗੇ ਤਾਂ ਜੋ ਸਮੇਂ ਸਮੇਂ ਮਾਪਿਆਂ ਨੂੰ ਸਕੂਲੀ ਗਤਿਵਿਧੀਆਂ ਬਾਰੇ ਜਾਣਕਾਰੀ ਮਿਲ ਸਕੇ ।

**3.** ਸਾਰੇ ਸਕੂਲ ਮੁਖੀ ਅਨੁਲੱਗ ਵਿੱਚ ਦਿੱਤੇ **ਮੈਗਾ SMC ਮੀਟਿੰਗ ਪਲਾਨ** ਅਨੁਸਾਰ ਮੈਗਾ SMC ਮੀਟਿੰਗ ਕਰਵਾਉਣਗੇ। ਤਜਵੀਜਤ ਏਜੰਡਾ ਹੇਠ ਲਿਖੇ ਅਨੁਸਾਰ ਹੈ:

- ਟ੍ਰੇਨਿੰਗ ਦੌਰਾਨ ਪ੍ਰਾਪਤ ਸਿਖਲਾਈ ਬਾਰੇ ਵਿਚਾਰ-ਵਟਾਂਦਰਾ
- ਖਰੀਦ (Procurement) ਸਬੰਧੀ ਜਾਣਕਾਰੀ।
- ਸਕੂਲ ਦਾ ਦੌਰਾ ਕਰਕੇ ਸਕੂਲ ਦੀਆਂ ਸਮੱਸਿਆਵਾਂ/ਜਰੂਰਤਾਂ ਦੀ ਪਛਾਣ ਕਰਨਾ।
- ਮੁੱਖ ਮੁੱਦਿਆਂ ਤੇ ਕਾਰਵਾਈ ਕਰਨ ਸਬੰਧੀ Action plan ਬਣਾਉਣਾ।
- ਮੈਗਾ PTM ਲਈ ਯੋਜਨਾ ਤਿਆਰ ਕਰਨਾ।
- ਸਾਰੇ SMC ਮੈਂਬਰਾਂ ਦੇ ਨਾਲ ਨਾਲ ਸਾਰੇ ਮਾਪਿਆਂ ਨੂੰ ਆਧੁਨਿਕ ਤਕਨੀਕੀ ਸਾਧਨਾਂ ਜਿਵੇਂ ਕਿ ਵਾਟਸਐਪ ਗਰੁੱਪ ਆਦਿ ਮਾਧਿਅਮਾਂ ਨਾਲ ਜੋੜਨ ਸਬੰਧੀ ਉਪਰਾਲੇ ਕਰਨਾ।
- ਅਗਲੀ ਕਾਰਵਾਈ / ਜ਼ਿੰਮੇਵਾਰੀਆਂ ਤੈਅ ਕਰਨਾ।

4. ਮੀਟਿੰਗ ਦੌਰਾਨ ਸਕੂਲਾਂ ਵੱਲੋਂ ਸਾਰੇ ਫ਼ੈਸਲਿਆਂ ਅਤੇ ਵੱਖ ਵੱਖ ਮੁੱਦਿਆਂ ਸਬੰਧੀ ਕੀਤੀ ਗਈ ਕਾਰਵਾਈ ਸਬੰਧੀ **SMC ਰਜਿਸਟਰ/ਮਤਾ ਬੁੱਕ** ਵਿੱਚ ਦਰਜ ਕਰਨਾ ਯਕੀਨੀ ਬਣਾਇਆ ਜਾਵੇ। ਇਸ ਵਿੱਚ ਸਪਸ਼ਟ ਤੌਰ 'ਤੇ ਹੇਠ ਲਿਖੀਆਂ ਗੱਲਾਂ ਦਾ ਜ਼ਿਕਰ ਹੋਣਾ ਚਾਹੀਦਾ ਹੈ:

- ਪਛਾਣਿਆ ਗਿਆ ਮੁੱਦਾ/ਸਮੱਸਿਆ
- ਸਮੱਸਿਆ ਦੇ ਹੱਲ ਲਈ Action Plan
- ਜ਼ਿੰਮੇਵਾਰ ਵਿਅਕਤੀ
- ਕਾਰਵਾਈ ਲਈ ਸਮਾਂ-ਸੀਮਾ
- ਫਾਲੋ-ਅੱਪ/ਅਗਲੀ ਕਾਰਵਾਈ ਦੀ ਯੋਜਨਾ

5. ਮੇਗਾ SMC ਮੀਟਿੰਗ ਆਯੋਜਿਤ ਕਰਨ ਸਬੰਧੀ ਸਮਾਂ-ਸਾਰਣੀ ਹੇਠਾਂ ਦਿੱਤੀ ਗਈ ਹੈ।

| S. No. | Suggestive Activity | Responsible Person(s) | Timeline |
|---|---|---|---|
| 1 | Online orientation of SMC members via YouTube live | DEOs, Deputy DEOs, BPEOs, BNOs, CHTs, DRCs, BRCs and Head of schools | On 6th October |
| 2 | Spreading awareness of the Mega SMC Meeting | DEOs, Deputy DEOs, BPEOs, BNOs, CHTs, DRCs, BRCs and Head of schools | Till 7 October |
| 3 | Inviting SMC members and make arrangements: | Head of the school, Chairperson of the SMC | Till 7 October |
| 4 | **Conduct the Mega SMC Meeting**<br>i. Refer to the SMC Meeting plan attached in Annexure to conduct the meeting.<br>ii. After conducting the Mega PTM on 9 October 2026, complete and submit the combined reporting webform with the required details. | Head of the school & Teacher member | On 7 October |
| 5 | **Observe SMC Meetings and record your observations in the Webform** | DEO, Deputy, DEO, BNO, BPEO, CHTs, DRCs & BRCs | On 7 October |

**ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ਜੀ।**

**ਨੱਥੀ: ਮੀਟਿੰਗ ਪਲਾਨ**

**ਸੁਪਰਡੰਟ(ਸੇਵਾਵਾਂ)**

**ਪਿੱਠ ਅੰਕਣ ਨੰ:** E1215012-394-402 **ਮਿਤੀ:** 01-10-2026

**ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-**

1) **ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ ,ਪੰਜਾਬ**
2) **ਪੀ ਏ/ਡੀ ਜੀ ਐਸ ਈ, ਪੰਜਾਬ**
3) **ਪੀ ਏ/ਡੀ ਐਸ ਈ(ਸੈਕੰਡਰੀ), ਪੰਜਾਬ**
4) **ਪੀ ਏ/ਡਾਇਰੈਕਟਰ ਐਸ ਸੀ ਈ ਆਰ ਟੀ , ਪੰਜਾਬ**
5) **ਪੀ ਏ/ ਡੀ ਐਸ ਈ (ਐਲੀਮੈਂਟਰੀ), ਪੰਜਾਬ**
6) **ਡੀ ਐਮ/ਐਮ ਆਈ ਐਸ ਵਿੰਗ, ਦ ਡੀ ਜੀ ਐਸ ਈ, ਪੰਜਾਬ** ( to upload on website)

**ਸੁਪਰਡੰਟ(ਸੇਵਾਵਾਂ)**